# 19

# ਦੁਆ ਦਾ ਜਵਾਬ ਨਾ ਮਿਲਣ ਦੇ ਕਾਰਣ

''ਤੁਸੀਂ ਮੰਗਦੇ ਹੋ ਪਰ ਮਿਲਦਾ ਨਹੀਂ'' (ਯਾਕੂਬ 4:3)। ਇਹ ਗੱਲ ਕਿੰਨੀ ਵਾਰ ਸੱਚ ਹੋ ਚੁੱਕੀ ਹੈ। ਕਈ ਲੋਕਾਂ ਦਾ ਖ਼ੁਦਾ ਤੋਂ ਵਿਸ਼ਵਾਸ ਇਸ ਕਰਕੇ ਉੱਠ ਗਿਆ ਕਿਉਂਕਿ ਉਨ੍ਹਾਂ ਨੇ ਜਿਨ੍ਹਾਂ ਗੱਲਾਂ ਲਈ ਦੁਆ ਕੀਤੀ ਉਹ ਨਹੀਂ ਮਿਲੀਆਂ। ਹੋਰਨਾਂ ਨੂੰ ਇਸੇ ਕਰਕੇ ਖ਼ੁਦਾ 'ਤੇ ਸ਼ੱਕ ਹੋਇਆ। ਦੁਆ ਦਾ ਜਵਾਬ ਨਾ ਮਿਲਣ ਲਈ ਖ਼ੁਦਾ ਨੂੰ ਦੋਸ਼ ਦੇਣਾ ਲਾਜ਼ਮੀ ਨਹੀਂ ਹੈ। ਵੇਖਿਆ ਜਾਵੇ ਤਾਂ ਇਹਦਾ ਕੋਈ ਨਾ ਕੋਈ ਤਰਕਪੂਰਣ ਹੱਲ ਰਹਿੰਦਾ ਹੀ ਹੈ। ਜਵਾਬ ਨਾ ਮਿਲਣ ਵਾਲੀਆਂ ਦੁਆਵਾਂ ਦੇ ਕੀ ਕਾਰਣ ਹਨ?

## ਭਲਾ ਦੁਆ ਕਰਨ ਵਾਲਾ ਦੁਆ ਕਰਨ ਦੇ ਯੋਗ ਨਹੀਂ ਹੈ?

ਦੁਆ ਕਰਨ ਦੇ ਅਯੋਗ ਹੋਣ ਦੀ ਗੱਲ ਹੋ ਸਕਦੀ ਹੈ। ਪਹਿਲਾਂ ਤਾਂ ਜਦ ਦੁਆ ਕਰਨ ਵਾਲਾ ਖ਼ੁਦਾ ਦੀ ਸੰਤਾਨ ਨਹੀਂ ਹੈ ਤਾਂ ਇਹ ਹੋ ਸਕਦਾ ਹੈ। ਸਭ ਰੂਹਾਨੀ ਬਰਕਤਾਂ ਮਸੀਹ ਵਿਚ ਹੀ ਮਿਲਦੀਆਂ ਹਨ (ਅਫ਼ਸੀਆਂ 1:3)। ਮਸੀਹ ਤੋਂ ਬਾਹਰ ਕੋਈ ਰੂਹਾਨੀ ਬਰਕਤ ਦੇਣ ਦਾ ਵਾਅਦਾ ਨਹੀਂ ਕੀਤਾ ਗਿਆ ਭਾਵ ਉਹਨੂੰ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਦੁਆ ਕਰਨ ਦਾ ਅਖ਼ਤਿਆਰ ਨਹੀਂ ਹੈ। ਲਿਖਿਆ ਹੈ, ''ਜਿਹੜਾ ਵਿਵਸਥਾ ਨੂੰ ਸੁਣਨ ਤੋਂ ਕੰਨ ਫੇਰ ਲੈਂਦਾ ਹੈ ਉਹਦੀ ਪ੍ਰਾਰਥਨਾ ਘਿਣਾਉਣੀ ਹੁੰਦੀ ਹੈ'' (ਕਹਾਉਤਾਂ 28:9)। ਯਕੀਨਨ ਹੀ, ਇਹ ਗੱਲ ਉਨ੍ਹਾਂ ਲੋਕਾਂ ਲਈ ਸੱਚ ਹੈ ਜੋ ਘਿਣਾਉਣੇ ਪਾਪ ਕਰਦੇ ਹਨ, ਪਰ ਇਹ ਉਨ੍ਹਾਂ ਲਈ ਵੀ ਸੱਚ ਹੈ ਜਿਨ੍ਹਾਂ ਦਾ ਨੈਤਿਕ ਜੀਵਨ ਤਾਂ ਠੀਕ ਹੈ ਪਰ ਉਹ ਮਸੀਹ ਤੋਂ ਬਾਹਰ ਹਨ।

ਇਸ ਨਿਯਮ ਦਾ ਅਪਵਾਦ ਕੁਰਨੇਲੀਅਸ ਵਰਗਾ ਆਦਮੀ ਹੋਵੇਗਾ (ਰਸੂਲਾਂ ਦੇ ਕੰਮ 10:1-48), ਜਿਹਨੇ ਸੱਚਾਈ ਵਿਚ ਅਗਵਾਈ ਲਈ ਖ਼ੁਦਾ ਤੋਂ ਦੁਆ ਕੀਤੀ ਸੀ। ਖ਼ੁਦਾ ਨੇ ਉਹਨੂੰ ਖ਼ੁਸ਼ਖ਼ਬਰੀ ਸੁਣਾਉਣ ਲਈ ਪਤਰਸ ਨੂੰ ਭੇਜ ਕੇ ਉਹਦੀ ਦੁਆ ਦਾ ਜਵਾਬ ਦਿੱਤਾ।

ਦੂਜਾ, ਹੋ ਸਕਦਾ ਹੈ ਕਿ ਕਿਸੇ ਨੇ ਪਹਿਲਾਂ ਕਦੇ ਇੰਜੀਲ ਨੂੰ ਮੰਨਿਆ ਹੋਵੇ, ਪਰ ਹੁਣ ਉਹਦੀ ਜ਼ਿੰਦਗੀ ਮਸੀਹੀ ਵਾਲੀ ਨਾ ਹੋਵੇ। ਹੋ ਸਕਦਾ ਹੈ ਕਿ ਉਹ ਖ਼ੁਦਾ ਦੀ ਸੰਗਤੀ ਤੋਂ ਬਾਹਰ ਚਲਿਆ ਗਿਆ ਹੋਵੇ। ਧਰਮੀ ਜਨ ਦੀ ਦੁਆ ਨਾਲ ''ਬਹੁਤ ਕੁਝ ਹੋ ਸਕਦਾ ਹੈ'' (ਯਾਕੂਬ 5:16)। ਖ਼ੁਦਾ ਦੇ ਭਟਕੇ ਹੋਏ ਬਾਲਕ ਲਈ ਲਾਜ਼ਮੀ ਹੈ ਕਿ ਉਹ ਦੁਆ ਕਰਨ ਦੇ ਹੱਕ ਨੂੰ

ਪਾਉਣ ਤੋਂ ਪਹਿਲਾਂ ਤੌਬਾ ਕਰੇ (ਰਸੂਲਾਂ ਦੇ ਕੰਮ 8:22)।

ਸਾਡੀਆਂ ਦੁਆਵਾਂ ਅਕਸਰ ਦੂਜਿਆਂ ਬਾਰੇ ਗ਼ਲਤ ਵਿਚਾਰ ਹੋਣ ਕਰਕੇ ਰੁਕ ਜਾਂਦੀਆਂ ਹਨ। ਸਾਨੂੰ ਚਾਹੀਦਾ ਹੈ ਕਿ ਆਪਣੇ ਪਾਪਾਂ ਦੀ ਮਾਫ਼ੀ ਲਈ ਦੁਆ ਓਨੀ ਹੀ ਕਰੀਏ ਜਿੰਨਾ ਅਸੀਂ ਆਪਣੇ ਖ਼ਿਲਾਫ਼ ਪਾਪ ਕਰਨ ਵਾਲਿਆਂ ਨੂੰ ਮਾਫ਼ ਕਰਦੇ ਹਾਂ (ਮੱਤੀ 6:12)। ਯਿਸੂ ਨੇ ਸਮਝਾਇਆ ਕਿ ਖ਼ੁਦਾ ਦੇ ਸਾਹਮਣੇ ਕੁਰਬਾਨੀ ਚੜ੍ਹਾਉਣ ਤੋਂ ਪਹਿਲਾਂ ਆਪਣੇ ਭਰਾ ਨਾਲ ਸੁਲ੍ਹਾ ਕਰ ਲੈਣੀ ਚਾਹੀਦੀ ਹੈ (ਮੱਤੀ 5:24)। ਪਤਰਸ ਨੇ ਕਿਹਾ ਕਿ ਪਤੀਆਂ ਨੂੰ ਆਪਣੀਆਂ ਪਤਨੀਆਂ ਦਾ ਆਦਰ ਕਰਨਾ ਚਾਹੀਦਾ ਹੈ ਤਾਂਕਿ ਉਨ੍ਹਾਂ ਦੀਆਂ ''ਦੁਆਵਾਂ ਰੁਕ ਨਾ ਜਾਣ'' (1 ਪਤਰਸ 3:7)

ਜੇ ਖ਼ੁਦਾ ਵੱਲੋਂ ਕਿਸੇ ਦੁਆ ਦਾ ਜਵਾਬ ਨਹੀਂ ਮਿਲਦਾ, ਤਾਂ ਇਹ ਇਸ ਲਈ ਹੋ ਸਕਦਾ ਹੈ ਕਿ ਦੁਆ ਵਿਸ਼ਵਾਸੀ ਦਿਲ ਨਾਲ ਨਹੀਂ ਕੀਤੀ ਗਈ। ਕਈ ਵਾਰ ਹੋ ਸਕਦਾ ਹੈ ਕਿ ਸਾਡੀਆਂ ਦੁਆਵਾਂ ਦਾ ਜਵਾਬ ਇਸ ਲਈ ਨਾ ਮਿਲੇ ਕਿਉਂਕਿ ਅਸੀਂ ਜਵਾਬ ਦੀ ਉਮੀਦ ਨਹੀਂ ਰੱਖੀ ਸੀ! ਸਾਡੀਆਂ ਦੁਆਵਾਂ ਵਿਸ਼ਵਾਸ ਨਾਲ ਭਰੀਆਂ ਹੋਣੀਆਂ ਚਾਹੀਦੀਆਂ ਹਨ। ''ਵਿਸ਼ਵਾਸ ਨਾਲ ਮੰਗੋ।'' ਦੋਚਿੱਤਾ ਬੰਦਾ ''ਸਮੁੰਦਰ ਦੀ ਛੱਲ ਵਰਗਾ ਹੈ ਜੋ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ'' (ਯਾਕੂਬ 1:6)। ਦੁਆ ਸੁਸਤ, ਦੋਚਿੱਤੇ ਮਨ ਨਾਲ ਜਾਂ ਉਦਾਸ ਹੋ ਕੇ ਨਹੀਂ ਹੋ ਸਕਦੀ, ਸਗੋਂ ਮਜ਼ਬੂਤ ਇਰਾਦੇ ਨਾਲ ਹੋਣੀ ਚਾਹੀਦੀ ਹੈ (ਯਾਕੂਬ 5:16)। ਖ਼ੁਦਾ ਨਾਲ ਗੱਲ ਕਰਨਾ ''ਦੁਆ ਕਹਿਣ'' ਨਾਲੋਂ ਵਧਕੇ ਹੈ।

## ਭਲਾ ਦੁਆ ਖ਼ੁਦਾ ਦੀ ਇੱਛਾ ਦੇ ਵਿਰੁੱਧ ਹੈ?

ਦੁਆ ਦਾ ਜਵਾਬ ਨਾ ਮਿਲਣ ਕਾਰਣ ਦੀ ਸਾਡੀ ਖੋਜ ਵਿਚ, ਦੂਜਾ ਪ੍ਰਸ਼ਨ ਜਿਸ 'ਤੇ ਵਿਚਾਰ ਕਰਨਾ ਚਾਹੀਦਾ ਹੈ ਇਹ ਹੈ ਕਿ ਦੁਆ ਖ਼ੁਦਾ ਦੀ ਇੱਛਾ ਅਨੁਸਾਰ ਹੈ? ਯੂਹੰਨਾ ਨੇ ਲਿਖਿਆ ਹੈ ਕਿ ''ਜੇ ਅਸੀਂ ਉਹਦੀ ਇੱਛਾ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ'' (1 ਯੂਹੰਨਾ 5:14)।

ਭਲਾ ਅਸੀਂ ਕਿਸੇ ਅਜਿਹੀ ਚੀਜ਼ ਲਈ ਦੁਆ ਕਰ ਰਹੇ ਹਾਂ ਜੋ ਸਾਡੇ ਲਈ ਨੁਕਸਾਨ ਦਾਇਕ ਹੋਵੇ? ਜੇ ਅਜਿਹਾ ਹੈ ਤਾਂ ਖ਼ੁਦਾ ਜ਼ਰੂਰ ਅਜਿਹੀ ਦੁਆ ਦਾ ਜਵਾਬ ਨਹੀਂ ਦੇਵੇਗਾ। ਉਹ ਸਾਨੂੰ ਅਜਿਹੀ ਚੀਜ਼ ਨਹੀਂ ਦੇ ਸਕਦਾ ਜਿਹਦੇ ਬਾਰੇ ਉਹਨੂੰ ਪਤਾ ਹੈ ਕਿ ਉਹ ਸਾਡੇ ਹਿੱਤ ਵਿਚ ਨਹੀਂ ਹੋਵੇਗੀ। ਸਾਨੂੰ ਚਾਹੀਦਾ ਹੈ ਕਿ ਖ਼ੁਦਾ ਦੇ ਵਚਨ ਨੂੰ ਜਾਣਨ ਲਈ ਅਧਿਐਨ ਕਰੀਏ ਤਾਂ ਜੋ ਅਸੀਂ ਉਹਦੀ ਇੱਛਾ ਮੁਤਾਬਕ ਦੁਆ ਕਰਨ ਦੇ ਯੋਗ ਹੋ ਜਾਈਏ।

ਬਹੁਤ ਸਾਰੇ ਲੋਕਾਂ ਨੂੰ ਖ਼ੁਦਾ ਦੀ ਇੱਛਾ ਮੁਤਾਬਕ ਦੁਆ ਕਰਨਾ ਔਖਾ ਲਗਦਾ ਹੈ ਕਿਉਂਕਿ ਉਹ ਉਹਦੀ ਇੱਛਾ ਬਾਰੇ ਬਹੁਤ ਘੱਟ ਜਾਣਦੇ ਹਨ।

## ਭਲਾ ਦੁਆ ਦਾ ਮਕਸਦ ਗ਼ਲਤ ਹੈ?

ਯਾਕੂਬ ਨੇ ਕਬੂਲ ਕੀਤੇ ਜਾਣ ਯੋਗ ਦੁਆ ਦੀ ਸੰਭਾਵਤ ਰੋਕ ਲਈ ਉਦੇਸ਼ ਦੀ ਗੱਲ ਕੀਤੀ ਸੀ: ''ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ, ਕਿਉਂ ਜੋ ਬੁਰੀ ਇੱਛਾ ਨਾਲ ਮੰਗਦੇ ਹੋ, ਤਾਂ ਕਿ ਆਪਣੇ ਭੋਗ ਵਿਲਾਸਾਂ ਵਿਚ ਉਡਾ ਦਿਓ'' (ਯਾਕੂਬ 4:3)। ਜੇ ਦੁਆ ਖ਼ੁਦਗਰਜ਼ੀ ਲਈ ਕੀਤੀ ਜਾਂਦੀ ਹੈ ਤਾਂ ਇਹਦਾ ਉਦੇਸ਼ ਸਹੀ ਨਹੀਂ ਹੈ। ਖ਼ੁਦਾ ਤੋਂ ਕਿਸੇ ਚੀਜ਼ ਲਈ ਦੁਆ ਕਰਨ

ਵੇਲੇ ਸਾਨੂੰ ਆਪਣੇ ਆਪ ਤੋਂ ਪੁੱਛਣਾ ਜ਼ਰੂਰੀ ਹੈ ਕਿ ''ਮੈਂ ਇਹ ਦੁਆ ਕਿਉਂ ਕਰ ਰਿਹਾ ਹਾਂ?'' ਅਜਿਹਾ ਕਰਕੇ ਸਾਨੂੰ ਜਵਾਬ ਨਾ ਮਿਲਣ ਵਾਲੀਆਂ ਕਈ ਦੁਆਵਾਂ ਦੇ ਕਾਰਣਾਂ ਦਾ ਪਤਾ ਲਗ ਸਕਦਾ ਹੈ।

## ਸਾਰ

ਦੁਆ ਦਾ ਜਵਾਬ ਨਾ ਮਿਲਣ 'ਤੇ ਸਭ ਤੋਂ ਪਹਿਲਾਂ ਖ਼ੁਦਾ ਨੂੰ ਦੋਸ਼ ਦੇਣ ਦੀ ਗੱਲ ਦਿਮਾਗ਼ 'ਚ ਆ ਸਕਦੀ ਹੈ, ਪਰ ਸੰਭਾਵਨਾਵਾਂ ਹੋਰ ਵੀ ਹਨ। ਆਪਣੇ ਆਪ ਨੂੰ ਅਤੇ ਆਪਣੀਆਂ ਦੁਆਵਾਂ ਨੂੰ ਪਰਖੋ। ਦੁਆਵਾਂ ਕਰਨ ਦੇ ਆਪਣੇ ਉਦੇਸ਼ਾਂ ਨੂੰ ਪਰਖੋ। ਜੇ ਵਿਅਕਤੀ, ਉਹਦੀਆਂ ਦੁਆਵਾਂ ਅਤੇ ਉਦੇਸ਼ ਕਬੂਲੇ ਜਾਣ ਯੋਗ ਹਨ, ਤਾਂ ਖ਼ੁਦਾ ਦੁਆਵਾਂ ਦਾ ਜਵਾਬ ਜ਼ਰੂਰ ਦੇਵੇਗਾ। ਉਹ ਤੁਹਾਡੀ ਇੱਛਾ ਅਤੇ ਜੋ ਤੁਹਾਡੇ ਲਈ ਬੇਹਤਰੀਨ ਹੈ, ਉਸੇ ਮੁਤਾਬਕ ਦੁਆਵਾਂ ਦਾ ਜਵਾਬ ਦੇਵੇਗਾ।

''ਪ੍ਰਭੂ ਜੀ ਸਾਨੂੰ ਦੁਆ ਕਰਨੀ ਸਿਖਾਲ'' (ਲੂਕਾ 11:1)।